This question paper contains 2 printed pages]

*Your Roll No.* ..........................

**7552**

**B.A. (PROGRAMME)/I** **E-II**

PUNJABI LANGUAGE (B)—Paper I

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਨੋਟ :** ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਫ਼ੀਸ-ਮੁਆਫ਼ੀ ਲਈ ਬਿਨੈ-ਪੱਤਰ ਲਿਖੋ। 10

**ਜਾਂ**

ਨਗਰ-ਨਿਗਮ ਦੇ ਮੁੱਖ ਅਧਿਕਾਰੀ ਨੂੰ ਸ਼ਿਕਾਇਤੀ-ਪੱਤਰ ਲਿਖੋ। ਜਿਸ ਵਿਚ ਦਸੋ ਕਿ ਕਾਲੋਨੀ ਦੇ ਸਫ਼ਾਈ ਕਰਮਚਾਰੀ ਆਪਣਾ ਕੰਮ ਠੀਕ ਤਰ੍ਹਾਂ ਨਹੀਂ ਕਰ ਰਹੇ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਪਰ ਪੈਰ੍ਹਾ-ਰਚਨਾ ਕਰੋ। 15
   (1) ਵੱਧ ਰਹੀ ਮਹਿੰਗਾਈ !
   (2) ਨਿਮਰਤਾ !
   (3) ਮਾਂ ਦੀ ਮਹਾਨਤਾ !

3. ਕਿਸੇ ਵੀ ਪੰਜਾਬੀ ਨਿੱਕੀ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 15

4. ਕੋਈ ਮਨ-ਪਸੰਦ ਸਬਜ਼ੀ ਬਣਾਉਣ ਦੀ ਵਿਧੀ ਲਿਖੋ। 10

5. i. ਪੰਜਾਬੀ ਭਾਸ਼ਾ ਦੀਆਂ ਲਗਾਂ-ਮਾਤਰਾਵਾਂ ਦੇ ਚਿੰਨ੍ਹ ਬਣਾਉ ਅਤੇ ਉਨ੍ਹਾਂ ਦੇ ਨਾਂ ਵੀ ਲਿਖੋ। 10

   ii. ਹੇਠ ਲਿਖੇ ਅਗੇਤਰਾਂ ਦੀ ਮਦਦ ਨਾਲ ਦੋ-ਦੋ ਸ਼ਬਦ ਬਣਾਉ। 5
   ਮਨ, ਪਰ, ਖੁਸ਼, ਉਪ, ਸੁ

   iii. ਹੇਠ ਲਿਖੇ ਪਿਛੇਤਰਾਂ ਦੀ ਮਦਦ ਨਾਲ ਦੋ-ਦੋ ਸ਼ਬਦ ਬਣਾਉ। 5
   ਦਾਨੀ, ਸ਼ਾਲਾ, ਗਾਰ, ਊ, ਵਾਨ

   iv. ਹੇਠ ਲਿਖੇ ਸ਼ਬਦਾਂ ਦਾ ਵਿਆਕਰਣਕ ਰੂਪ ਬਦਲੋ : 5
   ਅਮੀਰੀ, ਈਰਖਾ, ਗੁਲਾਬ, ਪੜ੍ਹਨਾ, ਸ਼ਹਿਰ

6. ਕਾਰ ਵੇਚਣ ਲਈ ਜਾਂ ਮਕਾਨ ਵੇਚਣ ਲਈ ਵਿਗਿਆਪਨ ਤਿਆਰ ਕਰੋ। 10

7. ਹੇਠ ਲਿਖੇ ਪੈਰ੍ਹੇ ਦਾ ਸਾਰ ਦਿਉ। 15

ਸਮਾਜ ਵਿਚ ਆਪਣੇ ਆਪ ਨੂੰ ਸਭ ਕੁਝ ਤੇ ਦੂਜਿਆਂ ਨੂੰ ਤੁੱਛ ਸਮਝਣ ਵਾਲਾ ਜੀਵ ਨਿੰਦਿਆ ਤੇ ਘਿਰਣਾ ਦਾ ਪਾਤਰ ਬਣ ਜਾਂਦਾ ਹੈ। ਉਹ ਕਿਸੇ ਕੋਲੋਂ ਕੁਝ ਨਹੀਂ ਸਿੱਖ ਸਕਦਾ, ਕਿਉਂਕਿ ਉਹ ਆਪਣੇ ਆਪ ਨੂੰ ਸਾਰਿਆਂ ਨਾਲੋਂ ਵਧੇਰੇ ਸੁੱਘੜ ਤੇ ਸਿਆਣਾ ਸਮਝਦਾ ਹੈ। ਆਰਥਿਕ ਖੇਤਰ ਵਿਚ ਹੰਕਾਰੀ ਪੁਰਖ ਅੰਨ੍ਹੇ ਸ੍ਵੈ-ਵਿਸ਼ਵਾਸ ਕਰਕੇ ਵਾਹੀ, ਦਸਤਕਾਰੀ ਜਾਂ ਵਪਾਰ ਆਦਿ ਕੰਮਾਂ ਵਿਚ ਮੂੰਹ ਦੀ ਖਾਂਦਾ ਹੈ। ਰਾਜਨੀਤੀ ਵਿਚ ਸਫ਼ਲਤਾ ਦੀ ਕੁੰਜੀ ਨਿਮਰ ਹੋਣ ਵਿਚ ਹੈ। ਅੱਜ-ਕੱਲ੍ਹ ਦੇ ਲੋਕ-ਰਾਜੀ ਜੁਗ ਵਿਚ ਗਰਬ-ਗੁਮਾਨੀ ਜਨਤਾ ਦੇ ਪਿਆਰ ਦਾ ਪਾਤਰ ਨਹੀਂ ਬਣ ਸਕਦਾ ! ਸੋ ਹੰਕਾਰ ਦੀ ਥਾਂ ਨਿਮਰਤਾ ਅਤੇ "ਮੈਂ" ਦੀ ਥਾਂ "ਤੂੰ" ਤੇ ਜ਼ੋਰ ਦੇਣ ਵਾਲਾ ਜੀਵ ਉੱਚਾ, ਸੁੱਚਾ ਤੇ ਮਹਾਨ ਹੁੰਦਾ ਹੈ।"